# ਦਫ਼ਤਰ ਜ਼ਿਲ੍ਹਾ ਚੋਣ ਅਫਸਰ, ਬਠਿੰਡਾ

**OFFICE DISTRICT ELECTION OFFICER. BATHINDA**

*(Room No. 303, 2nd Floor Mini Secretariat) Phone No. 0164-22110*

*E-mail: - etbtd@punjab.gov.in*


PUNJAB VOTES

ਈ-1
2021/9077
22/01/2026

ਸੇਵਾ ਵਿਖੇ

ਸਮੂਹ ਵਿਭਾਗਾਂ ਦੇ ਮੁਖੀ,
ਬਠਿੰਡਾ।

ਪੱਤਰ ਨੰ .ਚੋਣ-2026/ 112-17
ਮਿਤੀ 21/01/2026.

**ਵਿਸ਼ਾ:** **ਰਾਸ਼ਟਰੀ ਵੋਟਰ ਦਿਵਸ 25 ਜਨਵਰੀ 2026 ਮਨਾਉਣ ਸਬੰਧੀ।**

**ਹਵਾਲਾ:-** ਮੁੱਖ ਚੋਣ ਅਫ਼ਸਰ ਪੰਜਾਬ, ਚੰਡੀਗੜ੍ਹ ਜੀ ਦਾ ਪੱਤਰ ਨੰ. ਚੋਣ-2026/ਸਵੀਪ-548 ਮਿਤੀ 20.01.2026 ਦੇ ਸਬੰਧ ਵਿੱਚ।

ਭਾਰਤ ਚੋਣ ਕਮਿਸ਼ਨ ਵਲੋਂ ਲੋਕਤੰਤਰ ਪ੍ਰਣਾਲੀ ਵਿੱਚ ਵੋਟਰਾਂ ਦੀ ਭਾਗੀਦਾਰੀ ਵਧਾਉਣ ਲਈ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ 25 ਜਨਵਰੀ 2026 ਨੂੰ ਰਾਸ਼ਟਰੀ ਵੋਟਰ ਦਿਵਸ ਮਨਾਇਆ ਜਾ ਰਿਹਾ ਹੈ। ਇਸ ਮੌਕੇ ਸਮੂਹ ਵਿਭਾਗਾਂ ਦੇ ਅਧਿਕਾਰੀਆਂ/ਕਰਮਚਾਰੀਆਂ ਨੂੰ ਚੋਣਾਂ ਵਿੱਚ ਆਪਣੀ ਭਾਗੀਦਾਰੀ ਯਕੀਨੀ ਬਣਾਉਣ ਲਈ ਵੋਟਰ ਪ੍ਰਣ ਲਿਆ ਜਾਣਾ ਹੈ। 25 ਜਨਵਰੀ, 2026 ਨੂੰ ਦਿਨ ਐਤਵਾਰ (ਨਾਨ- ਵਰਕਿੰਗ ਡੇ) ਹੋਣ ਕਰਕੇ ਆਪ ਨੂੰ ਵੋਟਰ ਪ੍ਰਣ ਦੀ ਕਾਪੀ ਭੇਜਕੇ ਲਿਖਿਆ ਜਾਂਦਾ ਹੈ ਕਿ ਮਿਤੀ 23 ਜਨਵਰੀ 2026 ਦਿਨ ਸ਼ੁੱਕਰਵਾਰ ਨੂੰ ਆਪ ਆਪਣੇ ਵਿਭਾਗ ਅਧੀਨ ਕੰਮ ਕਰਦੇ ਅਧਿਕਾਰੀਆਂ/ਕਰਮਚਾਰੀਆਂ ਦੁਆਰਾ ਸਵੇਰੇ 11:00 ਵਜੇ ਵੋਟਰ ਪ੍ਰਣ ਲੈਣਾ ਯਕੀਨੀ ਬਣਾਇਆ ਜਾਵੇ ਅਤੇ ਇਸ ਮੌਕੇ ਤੇ ਵੋਟਰ ਪ੍ਰਣ ਲੈਂਦਿਆਂ ਦੀ ਤਸਵੀਰ ਇਸ ਦਫਤਰ ਦੀ ਈ-ਮੇਲ **nationalvoterday2026@gmail.com** ਤੇ ਭੇਜਣੀ ਯਕੀਨੀ ਬਣਾਈ ਜਾਵੇ ਜੀ।

**ਵਾ: ਜਿਲ੍ਹਾ ਚੋਣ ਅਫਸਰ**
**ਬਠਿੰਡਾ**

ਪਿੱਠ ਅੰਕਣ ਨੰ. ਚੋਣ-2026/ 118-21 ਮਿਤੀ 21/01/2026.

ਇਸਦਾ ਇੱਕ ਉਤਾਰਾ:-

1. ਪੀ.ਏ.ਟੂ ਡਿਪਟੀ ਕਮਿਸ਼ਨਰ,ਬਠਿੰਡਾ ਪਾਸ ਸੂਚਨਾ ਹਿੱਤ।
2. ਸਟੈਨੋ ਟੂ ਵਧੀਕ ਡਿਪਟੀ ਕਮਿਸ਼ਨਰ(ਜ), ਬਠਿੰਡਾ ਪਾਸ ਸੂਚਨਾ ਹਿੱਤ।
3. ਜਿਲ੍ਹਾ ਲੋਕ ਸੰਪਰਕ ਅਫ਼ਸਰ, ਬਠਿੰਡਾ ਪਾਸ ਭੇਜ ਕੇ ਲਿਖਿਆ ਜਾਂਦਾ ਹੈ ਕਿ 16ਵੇਂ ਵੋਟਰ ਦਿਵਸ ਦੀਆਂ ਵੋਟਰ ਪ੍ਰਣ ਲੈਂਦਿਆ ਦੀਆਂ ਤਸਵੀਰਾਂ ਜਿਲ੍ਹਾ ਪੱਧਰ ਦੇ ਸਾਰੇ ਸੋਸ਼ਲ ਮੀਡੀਆਂ ਪਲੇਟਫਾਰਮ ਤੇ ਸ਼ੇਅਰ ਕਰ ਦਿੱਤੀਆਂ ਜਾਣ।
4. ਸਹਾਇਕ ਨੋਡਲ ਅਫ਼ਸਰ ਸਵੀਪ, ਬਠਿੰਡਾ ਪਾਸ ਸੂਚਨਾ ਹਿੱਤ

ਦਫਤਰ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ.) ਬਠਿੰਡਾ
ਪਿੱਠ ਅੰਕਣ ਨੰ.ਈ-1/2026/6096 ਮਿਤੀ: 23/01/26
ਉਪਰੋਕਤ ਦਾ ਉਤਾਰਾ ਸਮੂਹ ਸਕੂਲ ਮੁਖੀਆਂ ਨੂੰ ਸੂਚਨਾ ਅਤੇ ਲੋੜੀਂਦੀ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

23/01/26
ਉਪ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ.)
ਬਠਿੰਡਾ।